ਨਿਗਮ ਚੋਣਾਂ ਬਾਰੇ ਚਰਚਾ ਕਰਨ ਮੌਕੇ ਮੀਟਿੰਗ ਵਿਚ ਗੁਰਪ੍ਰੀਤ ਸਿੰਘ ਕੋਟਲੀ, ਮਮਤਾ ਦੱਤਾ, ਪਵਨ ਆਦੀਆ, ਮਦਨ ਲਾਲ ਜਲਾਲਪੁਰ, ਰਜਿੰਦਰ ਬੇਰੀ, ਬਾਵਾ ਹੈਨਰੀ ਤੇ ਹੋਰ। *ਤਸਵੀਰ: ਮੁਨੀਸ਼*

ਨਗਰ ਨਿਗਮ ਚੋਣਾਂ ਲਈ ਭਾਜਪਾ ਦੀ ਕੋਰ ਕਮੇਟੀ ਦੀ ਮੀਟਿਗ ਵਿਚ ਮੌਜੂਦ ਮਨੋਰੰਜਨ ਕਾਲੀਆ, ਮੰਤਰੀ ਸ੍ਰੀ ਨਿਵਾਸਲੂ, ਸਰਬਜੀਤ ਸਿੰਘ ਮੱਕੜ, ਸੁਸ਼ੀਲ ਰਿੰਕੂ, ਸ਼ੀਤਲ ਅੰਗੁਰਾਲ, ਅਵਿਨਾਸ਼ ਚੰਦਰ, ਅਸ਼ੋਕ ਸਰੀਨ ਹਿੱਕੀ, ਸਸ਼ੀਲ ਸ਼ਰਮਾ, ਕ੍ਰਿਸ਼ਨ ਦੇਵ ਭੰਡਾਰੀ, ਰਾਜੇਸ਼ ਕਪੂਰ, ਰਮਨ ਪੱਬੀ, ਅਨਿਲ ਸੱਚਰ, ਅਮਰਜੀਤ ਸਿੰਘ ਗੋਲਡੀ। ਕੌਂਸਲਰ ਉਮੀਦਵਾਰਾਂ ਦੀ ਟਿਕਟਾਂ ਲਈ ਚਾਹਵਾਨਾਂ ਨੂੰ ਸੋਮਵਾਰ ਸ਼ਾਮ ਤੱਕ ਅਰਜ਼ੀਆਂ ਦੇਣ ਲਈ ਕਿਹਾ ਗਿਆ ਹੈ। *ਤਸਵੀਰ: ਜੀ. ਪੀ. ਸਿੰਘ*

ਜਲੰਧਰ ਨਗਰ ਨਿਗਮ ਚੋਣਾਂ-2024

ਕਾਂਗਰਸ ਨੇ ਅੱਜ ਸ਼ਾਮ ਤੱਕ ਮੰਗਿਆ ਕੌਂਸਲਰ ਉਮੀਦਵਾਰਾਂ ਦੇ ਨਾਵਾਂ ਦਾ ਪੈਨਲ

ਜਲੰਧਰ ਭਾਜਪਾ ਨੇ ਕੌਂਸਲਰ ਉਮੀਦਵਾਰਾਂ ਦੀ ਟਿਕਟ ਲਈ ਅੱਜ ਸ਼ਾਮ ਤੱਕ ਅਰਜ਼ੀਆਂ ਮੰਗੀਆਂ

ਸ਼ਿਵ ਸ਼ਰਮਾ

ਜਲੰਧਰ, 8 ਦਸੰਬਰ - ਪੰਜਾਬ ਤੇ ਚੋਣ ਕਮਿਸ਼ਨ ਵਲੋਂ ਨਗਰ ਨਿਗਮ ਚੋਣਾਂ ਦੀਆਂ ਤਾਰੀਖ਼ਾਂ ਦਾ ਐਲਾਨ ਹੋਣ ਤੋਂ ਇਕ ਦਮ ਬਾਅਦ ਹੀ ਸਿਆਸੀ ਪਾਰਟੀਆਂ ਸਰਗਰਮ ਹੋ ਗਈਆਂ ਤੇ ਅੱਜ ਜਲੰਧਰ ਦੇ 85 ਵਾਰਡਾਂ 'ਤੇ ਹੋਣ ਵਾਲੀਆਂ

ਚੋਣ ਸ਼ਡਿਊਲ ਦਾ ਐਲਾਨ ਹੋਣ ਤੋਂ ਬਾਅਦ ਸਿਆਸੀ ਪਾਰਟੀਆਂ ਨੇ ਮੀਟਿੰਗਾਂ ਕਰ ਕੇ ਕੀਤਾ ਮੰਥਨ

5 ਵਾਰਡ ਵਧਣ ਕਰਕੇ ਇਸ ਵਾਰ 85 ਵਾਰਡਾਂ 'ਤੇ ਹੋਣਗੀਆਂ ਜਲੰਧਰ ਨਗਰ ਨਿਗਮ ਦੀਆਂ ਚੋਣਾਂ

ਨਗਰ ਨਿਗਮ ਚੋਣਾਂ ਲਈ ਆਪਣੇ ਉਮੀਦਵਾਰਾਂ ਨੂੰ ਚੋਣ ਮੈਦਾਨ ਵਿਚ ਉਤਾਰਨ ਲਈ ਮੀਟਿੰਗਾਂ ਸੱਦ ਕੇ ਮੰਥਨ ਸ਼ੁਰੂ ਕਰ ਦਿੱਤਾ ਜਿਹੜਾ ਕਿ ਕਾਫ਼ੀ ਦੇਰ ਤੱਕ ਚੱਲਦਾ ਰਿਹਾ। ਕੌਂਸਲਰ ਦੀਆਂ ਚੋਣਾਂ ਵਿਚ ਉਮੀਦਵਾਰਾਂ ਵਲੋਂ ਅੱਜ ਤੋਂ ਨਾਮਜ਼ਦਗੀਆਂ ਸ਼ੁਰੂ ਕੀਤੀਆਂ ਜਾਣਗੀਆਂ। ਨਾਮਜ਼ਦਗੀਆਂ 9 ਤੋਂ 12 ਵਜੇ ਤੱਕ ਦਾਖਲ ਕੀਤੀਆਂ ਜਾਣਗੀਆਂ ਜਦਕਿ ਸਕਰੂਟਨੀ ਦਾ ਕੰਮ 13 ਦਸੰਬਰ ਤੇ ਨਾਮਜ਼ਦਗੀ ਵਾਪਸ 14 ਦਸੰਬਰ ਨੂੰ ਹੋਵੇਗੀ ਜਦਕਿ 21ਦਸੰਬਰ ਸਵੇਰੇ 7 ਵਜੇ ਤੋਂ ਲੈ ਕੇ ਸ਼ਾਮ 4 ਵਜੇ ਤੱਕ ਵੋਟਾਂ ਪੈਣ ਦਾ ਕੰਮ ਹੋਵੇਗਾ।ਪਿਛਲੀ ਨਿਗਮ ਵਿਚ 80 ਵਾਰਡ ਸੀ ਤੇ ਨਵੀਂ ਵਾਰਡਬੰਦੀ ਵਿਚ 5 ਵਾਰਡ ਹੋਰ ਵਧਾਏ ਗਏ ਸਨ ਤੇ ਇਸ ਵਾਰ 85 ਵਾਰਡਾਂ ਵਿਚ ਹੋਣ ਵਾਲੀਆਂ ਨਿਗਮ ਚੋਣਾਂ ਵਿਚ ਨਗਰ ਨਿਗਮ ਦੀ ਹੱਦ ਵਿਚ ਸ਼ਾਮਿਲ ਹੋਣ ਵਾਲੇ 12 ਪਿੰਡ ਵੀ ਹਨ ਜਿਹੜੇ ਕਿ ਨਿਗਮ ਦੀ ਹੱਦ ਵਿਚ ਸ਼ਾਮਿਲ ਹੋਣ ਤੋਂ ਬਾਅਦ ਆਪਣੀ ਵੋਟ ਦੀ ਵਰਤੋਂ ਕਰਨਗੇ। ਨਿਗਮ ਚੋਣਾਂ ਦੀਆਂ ਤਾਰੀਖ਼ਾਂ ਦਾ ਐਲਾਨ ਹੋਣ ਤੋਂ ਬਾਅਦ ਆਮ ਆਦਮੀ ਪਾਰਟੀ ਤੋਂ ਇਲਾਵਾ ਕਾਂਗਰਸ ਅਤੇ ਜਲੰਧਰ ਭਾਜਪਾ ਨੇ ਵੀ ਨਿਗਮ ਚੋਣਾਂ ਲਈ ਮੰਥਨ ਕੀਤਾ। ਜਲੰਧਰ ਵਿਚ ਵੀ 21 ਦਸੰਬਰ ਨੂੰ ਨਿਗਮ ਚੋਣਾਂ ਦੀਆਂ ਵੋਟਾਂ ਪੈਣਗੀਆਂ। ਉੱਧਰ ਜਲੰਧਰ ਵਿਚ ਨਿਗਮ ਚੋਣਾਂ ਦੀ ਤਾਰੀਖ਼ ਦਾ ਐਲਾਨ ਹੋਣ ਤੋਂ ਬਾਅਦ ਸਕਰੀਨਿੰਗ ਕਮੇਟੀ ਦੀ ਮੀਟਿੰਗ ਸੱਦੀ ਗਈ ਜਿਸ ਵਿਚ ਸਾਬਕਾ ਕੈਬਨਿਟ ਮੰਤਰੀ ਗੁਰਕੀਰਤ ਸਿੰਘ ਕੋਟਲੀ, ਸ਼ਾਮ ਸੁੰਦਰ ਅਰੋੜਾ, ਪਵਨ ਆਦੀਆ, ਮਦਨ ਲਾਲ ਜਲਾਲਪੁਰ, ਮਮਤਾ ਦੱਤਾ, ਵਿਧਾਇਕ ਬਾਵਾ ਹੈਨਰੀ, ਜਲੰਧਰ ਸ਼ਹਿਰੀ ਕਾਂਗਰਸ ਦੇ ਪ੍ਰਧਾਨ ਤੇ ਸਾਬਕਾ ਵਿਧਾਇਕ ਰਜਿੰਦਰ ਬੇਰੀ, ਸਾਬਕਾ ਡਿਪਟੀ ਮੇਅਰ ਸੁਰਿੰਦਰ ਕੌਰ ਸ਼ਾਮਿਲ ਸਨ। ਮੀਟਿੰਗ ਵਿਚ ਜਿੱਥੇ ਸਕਰੀਨਿੰਗ ਕਮੇਟੀ ਨੇ ਇਸ ਵਾਰ ਨਿਗਮ ਚੋਣਾਂ ਵਿਚ ਜਿੱਤ ਹਾਸਲ ਕਰਨ ਲਈ ਤਿਆਰੀਆਂ ਤੇਜ਼ ਕਰਨ ਦਾ ਸੱਦਾ ਦਿੱਤਾ ਕਮੇਟੀ ਵਲੋਂ ਸਾਰੇ ਵਿਧਾਇਕਾਂ ਅਤੇ ਹਲਕਾ ਇੰਚਾਰਜਾਂ ਤੋਂ ਅੱਜ ਸ਼ਾਮ ਤੱਕ ਉਮੀਦਵਾਰਾਂ ਦੇ ਨਾਵਾਂ ਦੇ ਪੈਨਲ ਮੰਗ ਲਏ ਗਏ ਹਨ। ਨਗਰ ਨਿਗਮ ਦੀਆਂ ਚੋਣਾਂ ਸੁਪਰੀਮ-ਕੋਰਟ ਅਤੇ ਹਾਈਕੋਰਟ ਦੇ ਆਦੇਸ਼ਾਂ 'ਤੇ ਹੋ ਰਹੀਆਂ ਹਨ ਜਦਕਿ ਇਸ ਤੋਂ ਪਹਿਲਾਂ ਨਿਗਮ ਚੋਣਾਂ ਬਾਰੇ ਨੋਟੀਫ਼ਿਕੇਸ਼ਨ ਜਾਰੀ ਹੋ ਗਈ ਸੀ ਤਾਂ ਅੱਜ ਚੋਣ ਕਮਿਸ਼ਨ ਵਲੋਂ ਤਾਰੀਖ਼ਾਂ ਦਾ ਐਲਾਨ ਕੀਤਾ ਗਿਆ ਹੈ। ਚਾਹੇ ਪਾਰਟੀਆਂ ਵਲੋਂ ਆਪਣੇ ਉਮੀਦਵਾਰਾਂ ਦੇ ਨਾਵਾਂ ਦਾ ਅੰਤਿਮ ਫ਼ੈਸਲਾ 9 ਜਾਂ 10 ਦਸੰਬਰ ਨੂੰ ਕੀਤੇ ਜਾਣ ਦੀ ਸੰਭਾਵਨਾ ਹੈ ਪਰ ਕਈ ਪਾਰਟੀਆਂ ਵਲੋਂ ਚੋਣ ਲੜਨ ਵਾਲੇ ਕਈ ਆਗੂਆਂ ਨੂੰ ਪਹਿਲਾਂ ਹੀ ਤਿਆਰੀ ਕਰਨ ਲਈ ਹਰੀ ਝੰਡੀ ਦੇ ਦਿੱਤੀ ਹੈ ਤੇ ਉਨ੍ਹਾਂ ਨੇ ਆਪਣੀ ਸਰਗਰਮੀਆਂ ਸ਼ੁਰੂ ਕਰ ਦਿੱਤੀ ਹਨ ਤੇ ਕਈਆਂ ਨੇ ਆਪਣੇ ਚੋਣ ਦਫ਼ਤਰ ਵੀ ਖੋਲ੍ਹਣੇ ਸ਼ੁਰੂ ਕਰ ਦਿੱਤੇ ਸਨ।

'ਆਪ' ਮੇਅਰ ਦੇ ਅਹੁਦੇ ਦੇ ਕਈ ਦਾਅਵੇਦਾਰ, ਚੁਨੌਤੀਆਂ ਵੀ ਘੱਟ ਨਹੀਂ

ਜਲੰਧਰ, 21 ਦਸੰਬਰ ਨੂੰ ਨਿਗਮ ਚੋਣਾਂ ਤੋਂ ਬਾਅਦ ਦਸੰਬਰ ਮਹੀਨੇ ਵਿਚ ਹੀ ਸ਼ਹਿਰ ਨੂੰ ਨਵਾਂ ਮੇਅਰ ਮਿਲਣ ਦੀ ਆਸ ਹੈ ਤੇ ਸੱਤਾ ਵਿਚ ਹੋਣ ਕਰਕੇ ਜਿੱਥੇ ਆਮ ਆਦਮੀ ਪਾਰਟੀ ਦਾ ਇਸ ਵਾਰ ਪੱਲੜਾ ਭਾਰੀ ਰਹਿ ਸਕਦਾ ਹੈ ਤੇ ਉੱਥੇ ਨਿਗਮ ਚੋਣਾਂ ਤੋਂ ਪਹਿਲਾਂ 'ਆਪ' ਦੇ ਕਈ ਆਗੂਆਂ ਦੇ ਮੇਅਰ ਬਣਨ ਦੇ ਨਾਂਅ ਸਾਹਮਣੇ ਆਉਂਦੇ ਰਹੇ ਹਨ। ਦੂਜੇ ਪਾਸੇ ਨਗਰ ਨਿਗਮ ਚੋਣਾਂ ਤੋਂ ਬਾਅਦ ਨਵੇਂ ਕਿਸੇ ਵੀ ਬਣਨ ਵਾਲੇ ਮੇਅਰ ਲਈ ਚੁਨੌਤੀਆਂ ਘੱਟ ਨਹੀਂ ਹੋਣਗੀਆਂ। ਸ਼ਹਿਰ ਦੀ ਨੁਹਾਰ ਬਦਲਣ ਲਈ ਨਿਗਮ ਨੂੰ ਨਾ ਸਿਰਫ਼ ਕਰੋੜਾਂ ਦੇ ਵਾਧੂ ਫ਼ੰਡਾਂ ਦੀ ਲੋੜ ਹੋਵੇਗੀ ਸਗੋਂ ਸ਼ਹਿਰ ਵਿਚ ਸਭ ਤੋਂ ਵੱਡੀ ਸਮੱਸਿਆ

ਵਰਿਆਣਾ ਦੇ 9 ਲੱਖ ਟਨ ਪਏ ਕੂੜੇ ਦੇ ਪਹਾੜ ਨੂੰ ਖ਼ਤਮ ਕਰਨ ਲਈ ਵਿਉਂਤਬੰਦੀ ਬਣਾਉਣੀ ਪਏਗੀ।

6.33 ਲੱਖ ਲੋਕ ਚੁਣਨਗੇ ਨਵਾਂ ਹਾਊਸ

ਜਲੰਧਰ, ਜਲੰਧਰ ਵਿਚ 85 ਵਾਰਡਾਂ 'ਤੇ ਨਿਗਮ ਚੋਣਾਂ ਹੋਣ ਜਾ ਰਹੀਆਂ ਹਨ ਜਿਨ੍ਹਾਂ ਵਿਚ 6.33 ਲੱਖ ਦੇ ਕਰੀਬ ਨਗਰ ਨਿਗਮ ਦਾ ਨਵਾਂ ਹਾਊਸ ਬਣਾਉਣ ਲਈ ਆਪਣਾ ਅਹਿਮ ਯੋਗਦਾਨ ਪਾਉਣਗੇ। ਇਨ੍ਹਾਂ ਵਿਚ 3.27 ਲੱਖ ਮਰਦ ਤੇ 3.05 ਲੱਖ ਮਹਿਲਾ ਵੋਟਰ ਹਨ। ਵਾਰਡਾਂ ਲਈ 378 ਪੋਲਿੰਗ ਸਟੇਸ਼ਨ ਬਣਾਏ ਜਾਣਗੇ ਤੇ 686 ਪੋਲਿੰਗ ਬੂਥਾਂ 'ਤੇ ਵੋਟਰ ਨਿਗਮ ਚੋਣਾਂ ਲਈ ਆਪਣੇ ਵੋਟ ਦੀ ਵਰਤੋਂ ਕਰਨਗੇ।

ਜਲੰਧਰ ਵਿਚ 85 ਵਾਰਡਾਂ ਦੀ ਜਾਣਕਾਰੀ
ਜਨਰਲ ਵਰਗ ਲਈ ਰਾਖਵੇਂ 28 ਵਾਰਡ
ਮਹਿਲਾਵਾਂ ਲਈ ਰਾਖਵੇਂ 28 ਵਾਰਡ
ਅਨੁਸੂਚਿਤ ਜਾਤੀ ਮਹਿਲਾ ਵਰਗ ਲਈ ਰਾਖਵੇਂ 13 ਵਾਰਡ. ਅਨੁਸੂਚਿਤ ਜਾਤੀ ਲਈ ਰਾਖਵੇਂ ਵਾਰਡ 13
ਹੋਰ ਪਛੜੇ ਵਰਗ ਲਈ ਰਾਖਵੇਂ 2 ਵਾਰਡ

ਐਨ. ਓ. ਸੀ. ਲੈਣ ਲਈ ਅੱਜ ਨਿਗਮ ਵਿਚ ਪਹੁੰਚ ਕਰਨਗੇ ਚਾਹਵਾਨ

ਜਲੰਧਰ, (ਸ਼ਿਵ)- ਨਗਰ ਨਿਗਮ ਚੋਣਾਂ ਦੀ ਤਾਰੀਖ਼ਾਂ ਦਾ ਐਲਾਨ ਹੋਣ ਤੋਂ ਬਾਅਦ ਸਿਆਸੀ ਪਾਰਟੀਆਂ ਵਿਚ ਹਲਚਲ ਕਾਫ਼ੀ ਤੇਜ਼ ਹੋ ਗਈ ਤੇ ਹੁਣ ਨਿਗਮ ਚੋਣਾਂ ਲੜਨ ਲਈ ਚਾਹਵਾਨਾਂ ਵਲੋਂ ਨਿਗਮ ਵਿਚ ਪਹੁੰਚ ਕੀਤੀ ਜਾਵੇਗੀ ਕਿਉਂਕਿ ਜਿਸ ਚਾਹਵਾਨ ਵਲੋਂ ਚੋਣ ਲੜੀ ਜਾਣੀ ਹੈ, ਉਸ ਨੂੰ ਨਿਗਮ ਦੀ ਐਨ. ਓ.ਸੀ. ਨਾਲ ਲਗਾਉਣੀ ਹੁੰਦੀ ਹੈ ਕਿ ਉਸ ਵੱਲ ਨਿਗਮ ਦੀ ਕੋਈ ਦੇਣਦਾਰੀ ਨਹੀਂ ਖੜੀ ਹੈ। ਨਿਗਮ ਕਮਿਸ਼ਨਰ ਨੇ ਕੁਝ ਦਿਨ ਪਹਿਲਾਂ ਹੀ ਇਸ ਕੰਮ ਦੀ ਨਿਗਰਾਨੀ ਲਈ ਨਿਯੁਕਤੀ ਕਰ ਦਿੱਤੀ ਸੀ ਪਰ ਹੁਣ ਐਨ. ਓ. ਸੀ. ਲੈਣ ਲਈ ਸੋਮਵਾਰ ਨੂੰ ਨਿਗਮ ਦਫ਼ਤਰ ਵਿਚ ਚਾਹਵਾਨਾਂ ਦੀ ਭੀੜ ਦੇਖੀ ਜਾਏਗੀ ਕਿਉਂਕਿ ਚਾਹੇ ਚੋਣ ਸ਼ਡਿਊਲ ਚਾਹੇ ਕਾਫ਼ੀ ਘੱਟ ਸਮੇਂ ਦਾ ਹੈ ਤੇ ਨਾਮਜ਼ਦਗੀ ਲੈਣ ਦਾ ਕੰਮ 9 ਦਸੰਬਰ ਨੂੰ ਸ਼ੁਰੂ ਹੋਣਾ ਹੈ ਪਰ ਦੂਜੇ ਪਾਸੇ ਅਜੇ ਤੱਕ ਕਈ ਪਾਰਟੀਆਂ ਵਲੋਂ ਉਮੀਦਵਾਰਾਂ ਦੇ ਨਾਵਾਂ ਨੂੰ ਅੰਤਿਮ ਰੂਪ ਨਹੀਂ ਦਿੱਤਾ ਗਿਆ ਹੈ।

ਨਗਰ ਨਿਗਮ ਚੋਣਾਂ ਲਈ 'ਆਪ', ਕਾਂਗਰਸ, ਭਾਜਪਾ ਵਿਚ ਹੋਵੇਗਾ ਮੁੱਖ ਮੁਕਾਬਲਾ

ਸ਼੍ਰੋਮਣੀ ਅਕਾਲੀ ਦਲ ਤੇ ਬਸਪਾ ਵਲੋਂ ਵੀ ਨਿਗਮ ਚੋਣਾਂ ਲੜਨ ਦਾ ਕੀਤਾ ਜਾ ਚੁੱਕਾ ਹੈ ਐਲਾਨ

ਜਲੰਧਰ, (ਸ਼ਿਵ)- 21 ਦਸੰਬਰ ਨੂੰ ਨਗਰ ਨਿਗਮ ਚੋਣਾਂ ਲਈ ਤਾਰੀਖ਼ਾਂ ਦਾ ਐਲਾਨ ਹੋਣ ਤੋਂ ਬਾਅਦ ਇਸ ਹਫ਼ਤੇ ਚੋਣ ਮੈਦਾਨ ਪੂਰੀ ਤਰਾਂ ਨਾਲ ਹੀ ਭਖ ਜਾਣ ਦੀ ਸੰਭਾਵਨਾ ਹੈ ਕਿਉਂਕਿ ਨਿਗਮ ਚੋਣਾਂ ਵਿਚ ਪ੍ਰਚਾਰ ਲਈ ਵੀ ਉਮੀਦਵਾਰਾਂ ਕੋਲ ਸਮਾਂ ਘੱਟੇ ਹੋਵੇਗਾ। ਇਸ ਵਾਰ ਜਲੰਧਰ ਦੀਆਂ ਨਗਰ ਨਿਗਮ ਚੋਣਾਂ ਵਿਚ ਮੁਕਾਬਲਾ ਮੁੱਖ ਤੌਰ 'ਤੇ ਆਮ ਆਦਮੀ ਪਾਰਟੀ, ਕਾਂਗਰਸ ਅਤੇ ਭਾਜਪਾ ਵਿਚ ਹੋਣ ਦੀ ਸੰਭਾਵਨਾ ਦੱਸੀ ਜਾ ਰਹੀ ਹੈ ਕਿਉਂਕਿ ਆਮ ਆਦਮੀ ਪਾਰਟੀ ਵਲੋਂ ਦੂਜੀ ਵਾਰ ਨਗਰ ਨਿਗਮ ਚੋਣਾਂ ਲੜੀਆਂ ਜਾ ਰਹੀਆਂ ਹਨ। ਪਿਛਲੀਆਂ ਨਗਰ ਨਿਗਮ ਚੋਣਾਂ ਵਿਚ ਪਾਰਟੀ ਨੂੰ ਉਮੀਦਵਾਰਾਂ ਲੱਭਣ ਲਈ ਵੀ ਕਾਫ਼ੀ ਮੁਸ਼ਕਲ ਦਾ ਸਾਹਮਣਾ ਕਰਨਾ ਪਿਆ ਸੀ ਪਰ ਜਲੰਧਰ ਦੀਆਂ ਨਗਰ ਨਿਗਮ ਚੋਣਾਂ ਇਸ ਵਾਰ ਪਾਰਟੀ ਲੜਨ ਜਾ ਰਹੀ ਹੈ ਤੇ ਇਸ ਕਰਕੇ ਮਜ਼ਬੂਤ ਸਥਿਤੀ ਵਿਚ ਹੈ ਕਿਉਂਕਿ ਉਹ ਸੱਤਾ ਵਿਚ ਹੈ ਤੇ ਇਸ ਲਈ ਨਿਗਮ ਦੀਆਂ ਚੋਣਾਂ ਵਿਚ ਮੁੱਖ ਤੌਰ 'ਤੇ ਉਸ ਦਾ ਮੁਕਾਬਲਾ ਕਾਂਗਰਸ ਅਤੇ ਭਾਜਪਾ ਨਾਲ ਹੋਣ ਦੀ ਸੰਭਾਵਨਾ ਜ਼ਾਹਿਰ ਕੀਤੀ ਜਾ ਰਹੀ ਹੈ। ਸ਼ਹਿਰੀ ਖੇਤਰ ਵਿਚ ਇਨ੍ਹਾਂ ਪਾਰਟੀਆਂ ਦਾ ਜ਼ਿਆਦਾ ਆਧਾਰ ਹੈ। ਆਮ ਆਦਮੀ ਪਾਰਟੀ ਨੇ ਨਿਗਮ ਚੋਣਾਂ ਲਈ ਕਾਫ਼ੀ ਸਮਾਂ ਪਹਿਲਾਂ ਹੀ ਤਿਆਰੀ ਸ਼ੁਰੂ ਕਰ ਦਿੱਤੀ ਸੀ ਤੇ ਉਸ ਨੇ ਸ਼ਹਿਰ ਦੀ ਨੁਹਾਰ ਬਦਲਣ ਲਈ ਸਾਰੇ ਨਿਗਮ ਅਫ਼ਸਰਾਂ ਨੂੰ ਮੈਦਾਨ ਵਿਚ ਉਤਾਰ ਦਿੱਤਾ ਸੀ ਤੇ ਕਈ ਇਲਾਕੇ ਪਹਿਲਾਂ ਗੰਦੇ ਨਜ਼ਰ ਆਉਂਦੇ ਸੀ ਤੇ ਉੱਥੇ ਨਾ ਸਿਰਫ਼ ਸਫ਼ਾਈ ਕਰਵਾਈ ਗਈ ਸਗੋਂ ਸੀਵਰੇਜ ਅਤੇ ਬੰਦ ਸਟਰੀਟ ਲਾਈਟਾਂ ਦੇ ਮਸਲੇ ਵੀ ਹੱਲ ਕਰਵਾਏ ਗਏ। ਨਿਗਮ ਕਮਿਸ਼ਨਰ ਗੌਤਮ ਜੈਨ ਸ਼ਹਿਰ ਵਿਚ ਮਸਲੇ ਹੱਲ ਕਰਨ ਲਈ ਆਪ ਵੀ ਸ਼ਹਿਰ ਵਿਚ ਕਈ-ਕਈ ਘੰਟੇ ਦੌਰਾ ਕਰਦੇ ਰਹੇ ਸਨ। ਆਮ ਆਦਮੀ ਪਾਰਟੀ ਨੇ ਕਰੋੜਾਂ ਰੁਪਏ ਦੇ ਵਿਕਾਸ ਦੇ ਕੰਮ ਵੀ ਸ਼ੁਰੂ ਕਰਵਾਏ ਹਨ ਤੇ ਚੋਣਾਂ ਵਿਚ ਉਸ ਨੂੰ ਇਸ ਦਾ ਫ਼ਾਇਦਾ ਮਿਲਣ ਦੀ ਸੰਭਾਵਨਾ ਹੈ। ਆਮ ਆਦਮੀ ਪਾਰਟੀ ਵਲੋਂ ਜਿੱਥੇ ਚੋਣਾਂ ਵਿਚ ਕਰੋੜਾਂ ਦੇ ਵਿਕਾਸ ਦੇ ਕੰਮ ਕਰਵਾਉਣ ਅਤੇ ਮੁਫ਼ਤ ਬਿਜਲੀ ਅਤੇ ਪੰਜਾਬ ਸਰਕਾਰ ਵਲੋਂ ਕਰਵਾਏ ਜਾ ਰਹੇ ਵਿਕਾਸ ਦੇ ਕੰਮਾਂ ਦੇ ਆਧਾਰ 'ਤੇ ਲੋਕਾਂ ਤੋਂ ਵੋਟਾਂ ਮੰਗੀਆਂ ਜਾਣਗੀਆਂ ਜਦਕਿ ਦੂਜੇ ਪਾਸੇ ਕਾਂਗਰਸ ਅਤੇ ਭਾਜਪਾ ਵਲੋਂ ਸਮਾਰਟ ਸਿਟੀ ਦੇ ਪ੍ਰਾਜੈਕਟਾਂ ਤੋਂ ਇਲਾਵਾ ਸ਼ਹਿਰ ਦੀਆਂ ਸਮੱਸਿਆਵਾਂ ਨੂੰ ਪ੍ਰਮੁੱਖਤਾ ਨਾਲ ਉਠਾਇਆ ਜਾਵੇਗਾ। ਉੱਧਰ ਬਸਪਾ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ ਵਲੋਂ ਵੀ ਨਿਗਮ ਚੋਣਾਂ ਲੜਨ ਦਾ ਐਲਾਨ ਕੀਤਾ ਜਾ ਚੁੱਕਾ ਹੈ ਜਿਸ ਕਰਕੇ ਸ਼੍ਰੋਮਣੀ ਅਕਾਲੀ ਦਲ ਅਤੇ ਬਸਪਾ ਦੇ ਉਮੀਦਵਾਰਾਂ ਦਾ ਆਧਾਰ ਵੀ ਦੂਜੀਆਂ ਪਾਰਟੀਆਂ ਨੂੰ ਵੀ ਕਾਫ਼ੀ ਪ੍ਰੇਸ਼ਾਨ ਕਰ ਸਕਦਾ ਹੈ। ਕਈ ਵਾਰਡਾਂ ਵਿਚ ਬਸਪਾ ਅਤੇ ਸ਼੍ਰੋਮਣੀ ਅਕਾਲੀ ਦਲ ਦਾ ਕਾਫ਼ੀ ਆਧਾਰ ਹੈ ਜਿੱਥੇ ਕਿ ਦੂਜੀਆਂ ਪਾਰਟੀਆਂ ਦੇ ਉਮੀਦਵਾਰਾਂ ਲਈ ਚੁਨੌਤੀ ਬਣ ਸਕਦਾ ਹੈ। ਨਗਰ ਨਿਗਮ ਦੀਆਂ ਚੋਣਾਂ ਵਿਚ ਮੁਕਾਬਲੇ ਕਾਫ਼ੀ ਰੋਚਕ ਰਹਿਣ ਦੀ ਸੰਭਾਵਨਾ ਹੈ ਤੇ ਅੱਜ ਨਾਮਜ਼ਦਗੀਆਂ ਦਾ ਕੰਮ ਸ਼ੁਰੂ ਹੋਣ ਦੇ ਬਾਵਜੂਦ ਅਜੇ ਵੀ ਕਈ ਪਾਰਟੀਆਂ ਦੇ ਆਗੂਆਂ ਦੇ ਦੂਜੀਆਂ ਪਾਰਟੀਆਂ ਵਿਚ ਜਾਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਹੈ।

ਸ਼ਹਿਰ ਦੀਆਂ ਸਮੱਸਿਆਵਾਂ ਨੂੰ ਮੁੱਖ ਤੌਰ 'ਤੇ ਮੁੱਦਾ ਬਣਾਉਣਗੀਆਂ ਵਿਰੋਧੀ ਪਾਰਟੀਆਂ

ਨਸ਼ਟ ਕੀਤੇ ਜਾਣ ਵਾਲੇ ਨਸ਼ੀਲੇ ਪਦਾਰਥਾਂ ਸੰਬੰਧੀ ਕਾਰਵਾਈ ਕਰਦੇ ਹੋਏ ਅਧਿਕਾਰੀ। *ਤਸਵੀਰਾਂ : ਜੀ.ਪੀ. ਸਿੰਘ*

3 ਕਿਲੋ ਹੈਰੋਇਨ ਸਮੇਤ ਜ਼ਬਤ ਕੀਤੇ ਨਸ਼ੀਲੇ ਪਦਾਰਥ ਕਮਿਸ਼ਨਰੇਟ ਪੁਲਿਸ ਨੇ ਕੀਤੇ ਨਸ਼ਟ

*ਜਲੰਧਰ, 8 ਦਸੰਬਰ (ਐੱਮ. ਐੱਸ. ਲੋਹੀਆ) - ਤਿੰਨ ਕਿਲੋ ਹੈਰੋਇਨ ਅਤੇ 65 ਕਿਲੋ 500 ਗ੍ਰਾਮ ਭੁੱਕੀ ਸਮੇਤ ਜ਼ਬਤ ਕੀਤੇ ਗਏ ਭਾਰੀ ਮਾਤਰਾ 'ਚ ਨਸ਼ੀਲੇ ਪਦਾਰਥਾਂ ਨੂੰ ਕਮਿਸ਼ਨਰੇਟ ਪੁਲਿਸ ਨੇ ਨਸ਼ਟ ਕਰ ਦਿੱਤਾ।ਹੈ। ਪੁਲਿਸ ਕਮਿਸ਼ਨਰ ਸਵਪਨ ਸ਼ਰਮਾ ਨੇ ਜਾਣਕਾਰੀ ਦਿੱਤੀ ਕਿ ਪੁਲਿਸ ਪਾਰਟੀਆਂ ਨੇ ਵ ੱ ਖ - ਵ ੱ ਖ ਕਾਰਵਾਈਆਂ ਦੌਰਾਨ ਵੱਡੀ ਮਾਤਰਾ 'ਚ ਨਸ਼ੀਲੇ ਪਦਾਰਥ ਬਰਾਮਦ ਕੀਤੇ ਹਨ। ਉਨ੍ਹਾਂ ਕਿਹਾ ਕਿ ਐਨ.ਡੀ.ਪੀ.ਐਸ. ਐਕਟ ਦੀ ਧਾਰਾ 52ਏ ਤਹਿਤ ਕੇਸ ਜਾਇਦਾਦ ਨੂੰ ਡਰੱਗ ਨਿਪਟਾਰਾ ਕਮੇਟੀ ਨਸ਼ਟ ਕਰ ਦਿੰਦੀ ਹੈ॥ਸ੍ਰੀ ਸਵਪਨ ਸ਼ਰਮਾ ਨੇ ਦੱਸਿਆ ਕਿ ਡਰੱਗ ਨਿਪਟਾਰਾ ਕਮੇਟੀ ਨੇ ਗ੍ਰੀਨ ਪਲੈਨੇਟ ਐਨਰਜੀ ਪ੍ਰਾਈਵੇਟ ਲਿਮਟਿਡ, ਪਿੰਡ ਬੀੜ, ਨਕੋਦਰ, ਜਲੰਧਰ ਵਿਖੇ ਨਸ਼ੀਲੇ ਪਦਾਰਥਾਂ ਦੀ ਜਾਇਦਾਦ ਨੂੰ ਨਸ਼ਟ ਕੀਤਾ।ਹੈ। ਉਨ੍ਹਾਂ ਦੱਸਿਆ ਕਿ ਨਸ਼ਟ ਕੀਤੇ ਨਸ਼ੀਲੇ ਪਦਾਰਥਾਂ 'ਚ ਹੈਰੋਇਨ, ਭੁੱਕੀ, ਨਸ਼ੀਲੀਆਂ ਗੋਲੀਆਂ, ਕੈਪਸੂਲ, ਇੰਜੈਕਟੇਬਲ ਡਰੱਗਜ਼, ਗਾਂਜਾ, ਚਰਸ ਅਤੇ ਆਈਸ ਡਰੱਗ ਸ਼ਾਮਲ ਸੀ। ਨਸ਼ੀਲੇ ਪਦਾਰਥ